ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ
ਦ: ਮੁੱਖ ਇੰਜੀਨੀਅਰ/ਕਮਰਸ਼ੀਅਲ,ਪਟਿਆਲਾ

2149
20/9/12

ਵੱਲ

ਸਾਰੇ ਪ੍ਰਮੁੱਖ/ਮੁੱਖ ਇੰਜੀਨੀਅਰ/ਉਪ ਮੁੱਖ ਇੰਜ:/ਨਿਗਰਾਨ ਇੰਜ:/ਸੰਚਾਲਣ,
ਅਧੀਨ ਪੰ:ਸ:ਪਾ:ਕਾ:ਲਿਮਟਿਡ।

ਮੀਮੋ ਨੰ: 1034/1059 / ਮਿਸ:ਇੰਡ:10 ਮਿਤੀ: 14.09.2012

ਵਿਸ਼ਾ: **ਫਿਜੀਬਿਲਟੀ ਕਲੀਅਰੈਂਸ ਦੀ ਪਾਲਣਾਂ ਹਿੱਤ ਮਿੱਥੇ ਸਮੇਂ ਦੌਰਾਨ ਏ. ਅਤੇ ਏ. ਫ਼ਾਰਮ ਦਰਜ ਕਰਵਾਉਂਣ ਸਬੰਧੀ।**

ਫਿਜੀਬਿਲਟੀ ਕਲੀਰੈਂਸ ਕਮੇਟੀ ਦੀ ਮਿਤੀ: 17.08.2012 ਨੂੰ ਹੋਈ ਮੀਟਿੰਗ ਵਿੱਚ ਵਿਚਾਰ-ਵਟਾਂਦਰੇ ਦੌਰਾਨ ਇਹ ਪਾਇਆ ਗਿਆ ਕਿ ਕੁੱਝ ਕੇਸਾਂ ਵਿੱਚ ਬਿਨੈਕਾਰ ਫਿਜੀਬਿਲਟੀ ਕਲੀਅਰੈਂਸ ਦੀ ਪਾਲਣਾਂ ਹਿੱਤ ਮਿੱਥੇ ਸਮੇਂ ਦੌਰਾਨ ਏ. ਅਤੇ ਏ. ਫ਼ਾਰਮ ਦਰਜ ਕਰਵਾਉਣ ਦੀ ਬਜਾਏ ਆਪਣੇ ਮੰਗੇ ਗਏ ਭਾਰ ਵਿੱਚ ਵਾਧਾ/ਬਦਲਾਵ ਦੀ ਮੰਗ ਕਰਦੇ ਹੋਏ ਪਹਿਲਾਂ ਜਾਰੀ ਕੀਤੀ ਫਿਜੀਬਿਲਟੀ ਵਿੱਚ ਸੋਧ ਲਈ ਅਪਲਾਈ ਕਰ ਦਿੰਦੇ ਹਨ। ਜਿਸ ਨਾਲ ਮਾਮਲਾ ਫਿਜੀਬਿਲਟੀ ਕਲੀਅਰੈਂਸ ਕਮੇਟੀ ਵਿੱਚ ਦੁਬਾਰਾ ਵਿਚਾਰਿਆ ਜਾਦਾ ਹੈ ਅਤੇ ਬਿਨੈਕਾਰ ਨੂੰ ਏ. ਅਤੇ ਏ. ਫ਼ਾਰਮ ਦਰਜ ਕਰਵਾਉਂਣ ਲਈ ਮਿੱਥੇ ਸਮੇਂ ਤੋਂ ਬਹੁਤ ਜ਼ਿਆਦਾ ਸਮਾਂ ਮਿਲ ਜਾਂਦਾ ਹੈ। ਕਮੇਟੀ ਵਲੋਂ ਇਹ ਪਾਇਆ ਗਿਆ ਕਿ ਅਜਿਹੇ ਕੇਸਾਂ ਵਿੱਚ ਇਹ ਸੰਭਵ ਹੈ ਕਿ ਬਿਨੈਕਾਰ ਭਾਰ ਵਿੱਚ ਵਾਧਾ/ਬਦਲਾਵ ਜਾਣ-ਬੁੱਝ ਕੇ ਕਰਦੇ ਹੋਣ ਜਿਸ ਨਾਲ ਉਨ੍ਹਾਂ ਨੂੰ ਏ. ਅਤੇ ਏ. ਫ਼ਾਰਮ ਦਰਜ ਕਰਵਾਉਂਣ ਲਈ ਮਿੱਥੇ ਸਮੇਂ ਤੋਂ ਵੱਧ ਸਮਾਂ ਮਿਲ ਸਕੇ ਕਿਉਂਕਿ ਅਜਿਹੇ ਕੇਸਾਂ ਵਿੱਚ ਬਿਨੈਕਾਰ ਦੇ ਭਾਰ ਵਿੱਚ ਵਾਧਾ /ਬਦਲਾਵ ਦਾ ਕੇਸ ਪਹਿਲਾਂ ਜਾਰੀ ਕੀਤੀ ਫਿਜੀਬਿਲਟੀ ਕਲੀਅਰੈਂਸ ਦੇ ਸਬੰਧਤ ਏ. ਅਤੇ ਏ. ਫ਼ਾਰਮ ਦਰਜ ਕਰਵਾਉਂਣ ਤੋਂ ਬਾਅਦ ਹੀ ਨਜਿੱਠਣਾਂ ਬਣਦਾ ਹੈ।

ਉਪਰੋਕਤ ਵਿਚਾਰ-ਵਟਾਂਦਰੇ ਤੋਂ ਬਾਅਦ ਕਮੇਟੀ ਵਿੱਚ ਇਹ ਫੈਸਲਾ ਲਿਆ ਗਿਆ ਕਿ ਜਿਹੜੇ ਬਿਨੈਕਾਰ ਜਾਰੀ ਕੀਤੀ ਫਿਜੀਬਿਲਟੀ ਕਲੀਅਰੈਂਸ ਦੀ ਪਾਲਣਾਂ ਹਿੱਤ ਮਿੱਥੇ ਸਮੇਂ ਦੌਰਾਨ ਏ. ਅਤੇ ਏ. ਫ਼ਾਰਮ ਦਰਜ ਕਰਵਾਉਂਣ ਦੀ ਬਜਾਏ ਆਪਣੇ ਭਾਰ ਵਿੱਚ ਵਾਧੇ/ਬਦਲਾਵ ਲਈ ਰਿਵਾਈਜ਼ਡ ਰਿਕੂਜੀਸ਼ਨ ਦਰਜ ਕਰਵਾ ਦਿੰਦੇ ਹਨ ਅਤੇ ਅਜਿਹਾ ਕਰਨ ਨਾਲ ਬਿਨੈਕਾਰ ਜਾਰੀ ਤਕਨੀਕੀ ਫਿਜੀਬਿਲਟੀ ਕਲੀਅਰੈਂਸ ਦੀ ਪਾਲਣਾਂ ਨਹੀਂ ਕਰਦੇ ਅਤੇ ਉਨ੍ਹਾਂ ਦੀ ਈ.ਐਮ.ਡੀ. ਜ਼ਬਤ ਕੀਤੀ ਜਾਵੇ ਅਤੇ ਨਵੀਂ ਰਿਕੂਜੀਸ਼ਨ ਦਰਜ ਕਰਵਾ ਕੇ fresh ਕੇਸ ਲੈਇਆ ਜਾਇਆ ਕਰੇ।

ਉਪ ਮੁੱਖ ਇੰਜ:/ਵਿਕਰੀ-1,
ਵਾ: ਮੁੱਖ ਇੰਜੀਨੀਅਰ/ ਕਮਰਸ਼ੀਅਲ,
ਪੰ.ਸ:ਪਾ:ਕਾ:ਲਿਮ.,ਪਟਿਆਲਾ।

1060/65
14-9-2012

ਸੀ.ਸੀ.

1. ਉਪ ਮੁੱਖ ਇੰਜ:/ਵਿਕਰੀ-2 ਅਤੇ ਸਾਰੇ ਵਧੀਕ ਨਿਗਰਾਨ ਇੰਜੀਨੀਅਰ/ਸੀ.ਕਾਰਜਕਾਰੀ ਇੰਜ:/ਵਿਕਰੀ।
2. ਨਿਗਰਾਨ ਇੰਜ:/ਆਈ.ਟੀ., ਪੰ:ਰਾ:ਪਾ:ਕਾ:ਲਿਮ:-ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈਬ ~~ਸਾਈਟ~~ ਸਾਈਟ ਤੇ ਅਪਲੋਡ ਕਰਨ ਹਿੱਤ।